ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ.2038. ਸ.1/ਕਾਲਜ
ਮਿਤੀ...10/9/2020

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ /ਕਾਂਸਟੀਚਿਊਟ ਕਾਲਜਾਂ ਅਤੇ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨ ਨੂੰ
( ਜਿੰਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ, ਉਹਨਾਂ ਕੋਰਸਾਂ ਨੂੰ ਛੱਡ ਕੇ)

ਵਿਸ਼ਾ: ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2020-21 ਦੌਰਾਨ ਵੱਖ-ਵੱਖ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ/ਚਲਦੇ ਕੋਰਸਾਂ ਅਤੇ ਪੋਸਟ ਗ੍ਰੈਜੂਏਟ ਦੇ ਚਲਦੇ ਕੋਰਸਾਂ ਦੀਆਂ ਲੇਟ ਦਾਖਲਾ ਫੀਸ ਨਾਲ ਦਾਖਲੇ ਦੀਆਂ ਮਿਤੀਆਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਨੂੰ ਦਾਖਲਾ ਮਿਤੀਆਂ ਸਬੰਧੀ ਪਹਿਲਾਂ ਜਾਰੀ ਦਾਖਲਾ ਸ਼ਡਿਊਲ ਦੇ ਸਰਕੂਲਰ ਨੰ: 1620/ਕਾਲਜਾਂ/ਸ-1ਮਿਤੀ 25.7.2020 ਦੀ ਲਗਾਤਾਰਤਾ ਵਿੱਚ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2020-21 ਦੌਰਾਨ ਵੱਖ-ਵੱਖ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ/ਚਲਦੇ ਕੋਰਸਾਂ ਅਤੇ ਪੋਸਟ ਗ੍ਰੈਜੂਏਟ ਦੇ ਚਲਦੇ ਕੋਰਸਾਂ ਦੀਆਂ ਲੇਟ ਦਾਖਲਾ ਫੀਸ ਨਾਲ ਦਾਖਲੇ ਦੀਆਂ ਮਿਤੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਲੇਟ ਫੀਸ ਨਾਲ ਦਾਖਲਿਆਂ ਦੀਆਂ ਮਿਤੀਆਂ :

| | | |
|---|---|---|
| 1. | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 11.9.2020 ਤੋਂ 16.9.2020 ਤੱਕ |
| 2. | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 17.9.2020 ਤੋਂ 19.9.2020 ਤੱਕ |
| 3. | 1500/- ਰੁ: ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21.9.2020 ਤੋਂ 23.9.2020 ਤੱਕ |
| 4. | 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 24.9.2020 ਤੋਂ 28.9.2020 ਤੱਕ |

ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2019-20 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੀ ਹੈ, ਵਿੱਚੋਂ ਕੋਵਿਡ-19 ਦੇ ਹਾਲਾਤ ਦੇ ਮੱਦੇਨਜ਼ਰ ਪ੍ਰਮੋਟ ਹੋਣ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ (ਭਾਵ ਅੰਡਰ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਦੇ ਚਲਦੇ ਕੋਰਸਾਂ ਦੇ ਵਿਦਿਆਰਥੀਆਂ) ਲਈ ਸੈਸ਼ਨ 2020-21 ਦੇ ਦਾਖਲਿਆਂ ਦਾ ਸ਼ਡਿਊਲ:-

| | | |
|---|---|---|
| 1. | ਬਿਨਾਂ ਲੇਟ ਫੀਸ ਦਾਖਲਾ | ਮਿਤੀ 10.9.2020 |
| 2. | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 3. | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 4. | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | ਮਿਤੀ 28.9.2020 |

Kaur 10.9.2020
ਡੀਨ,

ਕਾਲਜ ਵਿਕਾਸ ਕੌਂਸਲ